ਨਿਊਜ਼ ਰਿਲੀਜ਼

# ਚੰਗੇਰਾ, ਤੇਜ਼ ਅਮਲ ਵਾਲਾ, ਸਸਤਾ ਆਟੋ ਇੰਸ਼ੋਰੈਂਸ

24 ਮਾਰਚ 2025 ਮੀਡੀਆ ਇੰਨਕੁਆਰੀਆਂ

## ਪ੍ਰਸਤਾਵਿਤ ਵਿਧਾਨ ਨਾਲ ਐਲਬਰਟਾ ਨਿਵਾਸੀਆਂ ਨੂੰ ਸਿਹਤ-ਸੰਭਾਲ ਤੱਕ ਚੰਗੇਰੀ ਅਤੇ ਤੇਜ਼ ਪਹੁੰਚ ਮੁਹੱਈਆ ਕਰਨ ਲਈ ਪੱਤਝੜ ਰੁੱਤੇ ਐਲਾਨ ਕੀਤਾ ਗਿਆ ਆਟੋ ਇੰਸ਼ੋਰੈਂਸ ਸਿਸਟਮ ਲਾਗੂ ਹੋਵੇਗਾ।

ਜੇਕਰ ਪਾਸ ਹੁੰਦਾ ਹੈ, ਤਾਂ ਇਹ *ਆਟੋ ਮੋਬਾਇਲ ਇੰਸ਼ੋਰੈਂਸ ਐਕਟ* ਐਲਬਰਟਾ ਦੇ ਆਟੋ ਇੰਸ਼ੋਰੈਂਸ ਸਿਸਟਮ ਵਿਚ ਮਹੱਤਵਪੂਰਨ ਤਬਦੀਲੀਆਂ ਲਿਆਵੇਗਾ ਅਤੇ ਗੱਡੀਆਂ ਦੇ ਹਾਦਸਿਆਂ ਵਿਚ ਸੱਟਾਂ ਲਵਾ ਬੈਠਣ ਵਾਲੇ ਐਲਬਰਟਾ ਨਿਵਾਸੀਆਂ ਲਈ ਸਿਹਤ ਅਤੇ ਮੈਡੀਕਲ ਬੈਨੇਫਿਟਾਂ ਤੱਕ ਚੰਗੇਰੀ ਕਿਸਮ ਦੀ ਪਹੁੰਚ ਸਥਾਪਤ ਕਰੇਗਾ। ਇਸ ਵਿਚ ਮੈਡੀਕਲ ਸੰਭਾਲ, ਰੀਹੈਬਿਲੀਟੇਸ਼ਨ, ਰੋਜ਼ਾਨਾਂ ਜੀਵਨ ਨਿਰਬਾਹ ਲਈ ਸਹਾਇਤਾ ਅਤੇ ਹੋਰ ਸਹਾਇਤਾ ਸ਼ਾਮਲ ਹੋਣਗੀਆਂ। ਅੰਤਿਮ ਰੂਪ 'ਚ, ਇਹ ਤਬਦੀਲੀਆਂ ਐਲਬਰਟਾ ਦੇ ਡਰਾਇਵਰਾਂ ਨੂੰ ਕੈਨੇਡਾ ਵਿਚਲੇ ਕਿਸੇ ਵੀ ਸਿਸਟਮ ਨਾਲੋਂ ਉੱਤਮ ਪ੍ਰਕਾਰ ਦੇ ਬੈਨੇਫਿਟ ਦੇਣਗੀਆਂ, ਜੇ ਉਨ੍ਹਾਂ ਨੂੰ ਕਿਸੇ ਹਾਦਸੇ ਤੋਂ ਉਪਰੰਤ ਮੈਡੀਕਲ ਸੰਭਾਲ ਅਤੇ ਰੀਹੈਬਿਲੀਟੇਸ਼ਨ ਦੀ ਲੋੜ ਹੋਵੇਗੀ।

"ਕੇਅਰ-ਫਸਟ ਇਕ ਅਜਿਹਾ ਸ਼ਬਦ ਹੈ ਜੋ ਅਸੀਂ ਜਾਣਬੁੱਝ ਕੇ ਵਰਤ ਰਹੇ ਹਾਂ, ਕਿਉਂਕਿ ਜਿਹਨਾਂ ਐਲਬਰਟਾ ਵਾਸੀਆਂ ਨੂੰ ਕਿਸੇ ਹਾਦਸੇ ਵਿਚ ਸੱਟਾਂ ਲੱਗ ਜਾਂਦੀਆਂ ਹਨ, ਉਹਨਾਂ ਦੀ ਸਿਹਤ-ਸੰਭਾਲ ਅਤੇ ਤੰਦਰੁਸਤੀ ਨੂੰ ਸੱਚਮੁੱਚ ਸਭ ਤੋਂ ਪਹਿਲੇ ਨੰਬਰ 'ਤੇ ਰੱਖਣ ਦੀ ਲੋੜ ਹੈ। ਸਾਡਾ ਨਿਸ਼ਾਨਾਂ ਐਲਬਰਟਾ ਵਾਸੀਆਂ ਅਤੇ ਉਹਨਾਂ ਦੀਆਂ ਜੇਬਾਂ ਦੀ ਚੰਗੇਰੀ ਰੱਖਿਆ ਲਈ ਇਕ ਮਜ਼ਬੂਤ ਆਟੋ ਇੰਸ਼ੋਰੈਂਸ ਸਿਸਟਮ ਉਸਾਰਨਾ ਹੈ।"

*Nate Horner, ਪ੍ਰੈਜ਼ੀਡੈਂਟ ਆਫ ਟ੍ਰਿਯਰੀ ਬੋਰਡ ਐਂਡ ਫਾਇਨੈਂਸ*

ਪ੍ਰਸਤਾਵਿਤ ਵਿਧਾਨ ਕਿਸੇ ਵਾਹਨ ਹਾਦਸੇ 'ਚ ਸੱਟਾਂ ਲਵਾ ਬੈਠਣ ਵਾਲੇ ਐਲਬਰਟਾ ਨਿਵਾਸੀਆਂ ਦੀ ਆਮਦਨੀ ਸਹਾਇਤਾ ਦੀਆਂ ਪੇਮੈਂਟਾਂ ਅਤੇ ਰਿਟਾਇਰਮੈਂਟ ਬੈਨੇਫਿਟਾਂ, ਸੰਭਾਵਤ ਤੌਰ 'ਤੇ ਜ਼ਿੰਦਗੀ ਭਰ ਲਈ, ਨਾਲ ਸੱਟਾਂ ਦੀ ਗੰਭੀਰਤਾ ਦੇ ਆਧਾਰ 'ਤੇ ਸਹਾਇਤਾ ਕਰੇਗਾ। ਐਲਬਰਟਾ ਨਿਵਾਸੀ ਜਿਹੜੇ ਆਪਣੀਆਂ ਸੱਟਾਂ ਕਾਰਨ ਕੰਮ ਕਰਨ ਜਾਂ

ਸਕੂਲ ਜਾਣ ਦੇ ਯੋਗ ਨਹੀਂ ਰਹਿੰਦੇ, ਇਨ੍ਹਾਂ ਬੈਨੇਫਿਟਾਂ ਵਾਸਤੇ ਯੋਗ ਹੋ ਸਕਦੇ ਹਨ। ਇਸ ਤੋਂ ਇਲਾਵਾ ਜਿਹੜੇ ਐਲਬਰਟਾ ਨਿਵਾਸੀ ਕਿਸੇ ਹਾਦਸੇ 'ਚ ਸਥਾਈ ਤੌਰ 'ਤੇ ਸੱਟਾਂ ਲਵਾ ਬੈਠਦੇ ਹਨ, ਵਾਸਤੇ ਸਥਾਈ ਇੰਪੇਅਰਮੈਂਟ ਬੈਨੇਫਿੱਟ, ਜਾਂ ਜੇਕਰ ਕੋਈ ਐਲਬਰਟਾ ਨਿਵਾਸੀ ਹਾਦਸੇ ਵਿਚ ਮਾਰਿਆ ਜਾਂਦਾ ਹੈ, ਵਾਸਤੇ ਡੈੱਥ ਬੈਨੇਫਿੱਟ ਮੁਹੱਈਆ ਕੀਤੇ ਜਾਣ ਵਾਸਤੇ ਇਕ ਮਾਪਦੰਡ ਸਥਾਪਤ ਕੀਤਾ ਜਾਵੇਗਾ।

ਐਲਬਰਟਾ ਦਾ ਨਵਾਂ ਕੇਅਰ-ਫਸਟ ਆਟੋਮੋਬਾਇਲ ਇੰਸ਼ੋਰੈਂਸ ਸਿਸਟਮ ਕਿਸੇ ਹਾਦਸੇ ਵਿਚ ਸੱਟਾਂ ਲੱਗਣ ਵਾਲੇ ਹਰੇਕ ਨੂੰ ਸਿਹਤ-ਸੰਭਾਲ ਅਤੇ ਸਹਾਇਤਾ ਮੁਹੱਈਆ ਕਰਦਿਆਂ, ਧਿਆਨ ਦੇ ਕੇਂਦਰ ਨੂੰ ਅਦਾਲਤਾਂ ਦੇ ਝਗੜੇ ਅਤੇ ਮਹਿੰਗੀ ਮੁਕੱਦਮੇਬਾਜੀ ਤੋਂ ਪਾਸੇ ਲਿਜਾਵੇਗਾ, ਤਾਂ ਕਿ ਉਹ, ਜਿਸ ਮਦਦ ਦੀ ਉਨ੍ਹਾਂ ਨੂੰ ਜਦੋਂ ਵੀ ਲੋੜ ਹੈ, ਲੈ ਸਕਦੇ ਹੋਣ। ਵਿਧਾਨ ਡਰਾਇਵਰ 'ਤੇ ਮੁਕੱਦਮਾ ਕੀਤੇ ਜਾਣ ਦੀ ਯੋਗਤਾ ਨੂੰ ਸੀਮਤ ਕਰੇਗਾ, ਸਿਵਾਏ ਇਸਦੇ ਕਿ ਜੇਕਰ ਕਸੂਰਵਾਰ ਡਰਾਇਵਰ *ਕ੍ਰਿਮੀਨਲ ਕੋਡ* ਜਾਂ *ਟ੍ਰੈਫਿਕ ਸੇਫਟੀ ਐਕਟ* ਤਹਿਤ ਕਿਸੇ ਗੰਭੀਰ ਅਪਰਾਧ ਦਾ ਦੋਸ਼ੀ ਠਹਿਰਾਇਆ ਜਾਂਦਾ ਹੈ। ਸੱਟਾਂ ਲੱਗਣ ਵਾਲੇ ਐਲਬਰਟਾ ਨਿਵਾਸੀ ਇੰਸ਼ੋਰੈਂਸ ਪਾਲਿਸੀ ਤਹਿਤ ਦਿੱਤੀ ਜਾਣ ਵਾਲੀ ਰਕਮ ਤੋਂ ਅਗਾਂਹ ਆਪਣੀ ਜੇਬ 'ਚੋਂ ਕੀਤੇ ਖਰਚਿਆਂ ਵਾਸਤੇ ਮੁਕੱਦਮਾ ਕਰਨਾਂ ਵੀ ਚੁਣ ਸਕਦੇ ਹਨ। ਇਹ ਤਬਦੀਲੀਆਂ ਮੁਕੱਦਮੇਬਾਜੀ 'ਤੇ ਲੱਗਦੇ ਟਾਈਮ ਅਤੇ ਖਰਚੇ ਜਾਂਦੇ ਪੈਸੇ ਨੂੰ ਘਟਾਉਣਗੀਆਂ। ਅੰਤਿਮ ਰੂਪ 'ਚ, ਕੇਅਰ-ਫਸਟ ਵਿਧਾਨ ਸਮਾਂ ਪਾ ਕੇ ਐਲਬਰਟਾ ਨਿਵਾਸੀਆਂ ਵਾਸਤੇ ਆਟੋਮੋਬਾਇਲ ਇੰਸ਼ੋਰੈਂਸ ਦਰਾਂ ਨੂੰ ਘੱਟ ਕਰੇਗਾ।

ਐਲਬਰਟਾ ਦਾ ਕੇਅਰ-ਫਸਟ ਸਿਸਟਮ ਇਕ ਆਜ਼ਾਦ ਐਲਬਰਟਾ ਆਟੋਮੋਬਾਇਲ ਕੇਅਰ-ਫਸਟ ਟ੍ਰਿਬਿਊਨਲ ਬਣਾਉਣ ਨਾਲ ਆਟੋ ਇੰਸ਼ੋਰੈਂਸ ਝਗੜਿਆਂ ਨੂੰ ਹੱਲ ਕਰਨ ਵਾਸਤੇ ਲਚਕਤਾ ਬਣਾਈ ਰੱਖੇਗਾ। ਇਹ ਐਲਬਰਟਾ ਵਾਸੀਆਂ ਨੂੰ ਆਪਣੇ ਬੈਨੇਫਿੱਟਾਂ ਸਬੰਧੀ ਇੰਸ਼ੋਰੈਂਸ ਪ੍ਰਦਾਨ-ਕਰਤਿਆਂ ਵੱਲੋਂ ਲਏ ਗਏ ਫੈਸਲਿਆਂ ਦੀ ਅਪੀਲ ਕਰਨ ਦੀ ਯੋਗਤਾ ਦੇਵੇਗਾ।

ਜਦੋਂ ਵਿਧਾਨ ਅਗਾਂਹ ਵਧੇਗਾ, ਐਲਬਰਟਾ ਸਰਕਾਰ ਕੇਅਰ-ਫਸਟ ਮਾਡਲ ਦੇ ਮੁੱਖ ਆਪਰੇਸ਼ਨਲ ਤੱਤਾਂ ਸਬੰਧੀ ਹੈਲਥ-ਕੇਅਰ ਅਤੇ ਇੰਸ਼ੋਰੈਂਸ ਪ੍ਰਤਿਨਿਧਾਂ ਨਾਲ ਸਲਾਹ-ਮਸ਼ਵਰਾ ਕਰੇਗੀ। ਤਬਦੀਲੀਆਂ ਨੂੰ ਲਾਗੂ ਕਰਨ ਲਈ ਅਗਾਂਹ ਦੇ ਰੈਗੂਲੇਸ਼ਨ 2025 ਦੀ ਪੱਤਝੜ ਰੁੱਤੇ ਲਿਆਂਦੇ ਜਾ ਸਕਦੇ ਹਨ। ਐਲਬਰਟਾ ਦਾ ਪ੍ਰਾਈਵੇਟ ਤੌਰ 'ਤੇ ਪ੍ਰਦਾਨ ਕੀਤਾ ਜਾਣ ਵਾਲਾ ਕੇਅਰ-ਫਸਟ ਸਿਸਟਮ 1 ਜਨਵਰੀ 2027 ਤੋਂ ਸ਼ੁਰੂ ਹੋਵੇਗਾ।

## ਫੌਰੀ ਤੱਥ

- ਜੇ ਪਾਸ ਹੋ ਜਾਂਦਾ ਹੈ, ਤਾਂ ਇੰਡਸਟਰੀ ਭਾਈਵਾਲ ਤਬਦੀਲੀਆਂ ਨੂੰ ਲਾਗੂ ਕਰਨ ਲਈ ਅਗਲੇ ਦੋ ਸਾਲ ਲੈਣਗੇ ਜਿੰਨ੍ਹਾਂ 'ਚ ਸ਼ਾਮਲ ਹੋਵੇਗਾ 3.4 ਮਿਲੀਅਨ ਨਵੀਆਂ ਆਟੋ ਇੰਸ਼ੋਰੈਂਸ ਪਾਲਿਸੀਆਂ ਬਣਾਉਣਾ।

- *ਆਟੋਮੋਬਾਇਲ ਇੰਸ਼ੋਰੈਂਸ ਐਂਡ ਕੇਅਰ-ਫਸਟ ਬੈਨੇਫਿੱਟਸ ਐਕਟ* ਵਿਧਾਨ ਨੂੰ ਲਾਗੂ ਕਰਨ ਯੋਗ ਬਣਾ ਰਿਹਾ ਹੈ, ਜਿਸਦਾ ਮਤਲਬ ਹੈ ਕਿ ਰੈਗੂਲੇਸ਼ਨਾਂ ਰਾਹੀਂ ਕਈ ਸਾਰੇ ਵਿਸ਼ੇਸ਼ ਨਿਯਮ ਵਿਕਸਤ ਕੀਤੇ ਜਾਣਗੇ।

## ਸਬੰਧਤ ਜਾਣਕਾਰੀ

- *ਆਟੋਮੋਬਾਇਲ ਇੰਸ਼ੋਰੈਂਸ ਐਕਟ*
- ਬਿੱਲ 47: ਆਟੋਮੋਬਾਇਲ ਇੰਸ਼ੋਰੈਂਸ ਐਕਟ
- ਕੇਅਰ-ਫਸਟ ਆਟੋਮੋਬਾਇਲ ਇੰਸ਼ੋਰੈਂਸ
- ਐਲਬਰਟਾ 'ਚ ਆਟੋਮੋਬਾਇਲ ਇੰਸ਼ੋਰੈਂਸ਼ ਸੁਧਾਰ
- ਚੰਗੇਰੇ ਆਟੋ ਇੰਸ਼ੋਰੈਂਸ ਨੂੰ ਯੋਗ ਬਣਾਉਣਾ

## ਸਬੰਧਤ ਖਬਰਾਂ

- Communicating better, faster, affordable auto insurance (25 ਨਵੰਬਰ 2024)
- Better, faster, more affordable auto insurance (21 ਨਵੰਬਰ 2024)

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਵੇਖੋ
- ਨਿਊਜ਼ ਕਾਨਫਰੰਸ ਨੂੰ ਸੁਣੋ

## ਮੀਡੀਆ ਇੰਨਕੁਆਰੀਆਂ

**Justin Brattinga**

587-357-2956
ਸੀਨੀਅਰ ਪ੍ਰੈੱਸ ਸੈਕਰੇਟਰੀ, ਟ੍ਰੇਯਰੀ ਬੋਰਡ ਐਂਡ ਫਾਇਨੈਂਸ਼